# ਆਈਸੋਨਿਆਜ਼ਿਡ
# ISONIAZID

ਆਈਸੋਨਿਆਜ਼ਿਡ ਤਪਦਿੱਕ (ਟੀ.ਬੀ.) ਦੀ ਰੋਕਥਾਮ ਜਾਂ ਇਲਾਜ ਲਈ ਵਰਤੀ ਜਾਂਦੀ ਐਂਟੀਬਾਓਟਿਕ ਹੈ।

**ਮੈਂ ਇਹ ਕਦੋਂ ਲਵਾਂ? (When should I take this?)**

- ਖਾਣਾ ਖਾਣ ਤੋਂ 1 ਘੰਟਾ ਪਹਿਲਾਂ ਜਾਂ 2 ਘੰਟੇ ਬਾਅਦ ਖਾਲੀ ਪੇਟ ਲਵੋ।
- ਇਹ ਦਵਾਈ ਰੋਜ਼ ਇੱਕੋ ਨਿਸ਼ਚਿਤ ਸਮੇਂ ਤੇ ਹੀ ਲਵੋ। ਇਸ ਤਰ੍ਹਾਂ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।

**ਮੈਂ ਇਹ ਦਵਾਈ ਕਿਵੇਂ ਲਵਾਂ? (How should I take this?)**

- ਇਹ ਬੜਾ ਜ਼ਰੂਰੀ ਹੈ ਕਿ ਤੁਸੀਂ ਆਈਸੋਨਿਆਜ਼ਿਡ ਲਗਾਤਾਰ ਲਵੋ।
- ਦਵਾਈ ਡਾਕਟਰ ਦੇ ਨਿਰਦੇਸ਼ਾਂ ਮੁਤਾਬਿਕ ਲਵੋ।

**ਜੇ ਮੇਰੀ ਇੱਕ ਖ਼ੁਰਾਕ ਛੁੱਟ ਜਾਏ ਤਾਂ ਮੈਂ ਕੀ ਕਰਾਂ? (What should I do if I miss a dose?)**

- ਜੇ ਖ਼ੁਰਾਕ ਛੁੱਟ ਜਾਏ ਤਾਂ ਜਦੋਂ ਯਾਦ ਆਵੇ ਲੈ ਲਵੋ। ਪਰ ਜੇ ਹੁਣ ਅਗਲੀ ਖ਼ੁਰਾਕ ਦਾ ਸਮਾਂ ਹੋ ਗਿਆ ਹੈ ਤਾਂ ਅਗਲੀ ਖ਼ੁਰਾਕ ਹੀ ਲਵੋ, ਜਿਹੜੀ ਖ਼ੁਰਾਕ ਛੁੱਟ ਗਈ ਉਹ ਰਹਿਣ ਦਿਓ।
- **ਦੁੱਗਣੀ ਖ਼ੁਰਾਕ ਕਦੇ ਨਾ ਲਵੋ।**

**ਦਵਾਈ ਦੇ ਚੱਲਦਿਆਂ ਕੀ ਮੈਨੂੰ ਕਿਸੇ ਚੀਜ਼ ਦਾ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)**

- ਸ਼ਰਾਬ
- ਅਲਮੀਨੀਅਮ ਜਾਂ ਮੈਗਨੀਸ਼ੀਅਮ ਵਾਲੇ ਐਂਟਐਸਿਡ। ਆਈਸੋਨਿਆਜ਼ਿਡ ਤੋਂ ਘੱਟੋ ਘੱਟ **1 ਘੰਟਾ ਬਾਅਦ** ਲਵੋ।

ਆਪਣੇ ਡਾਕਟਰ, ਨਰਸ ਅਤੇ ਫਾਰਮਾਸਿਸਟ ਨੂੰ ਦੱਸੋ ਜੇ ਕਰ ਤੁਸੀਂ ਕਾਊਂਟਰ ਤੇ ਮਿਲਣ ਵਾਲੀਆਂ ਆਮ ਦਵਾਈਆਂ (ਜੋ ਡਾਕਟਰ ਵੱਲੋਂ ਨਿਰਧਾਰਿਤ ਨਹੀਂ) ਸਮੇਤ **ਕੋਈ ਹੋਰ ਦਵਾਈਆਂ ਵੀ ਲੈਂਦੇ ਹੋ।**

**ਦਵਾਈਆਂ ਦੇ ਕੀ ਸੰਭਵ ਗੌਣ ਪ੍ਰਭਾਵ ਹੋ ਸਕਦੇ ਹਨ? (What are some possible side effects?)**

- ਜੇ ਤੁਹਾਡੇ ਹੱਥਾਂ ਜਾਂ ਪੈਰਾਂ ਵਿਚ **ਜਲਨ, ਝੁਣਝੁਣੀ ਜਿਹੀ ਹੋਵੇ ਜਾਂ ਹੱਥ ਪੈਰ ਸੁੰਨ ਹੋ ਜਾਣ** ਤਾਂ ਆਪਣੇ ਡਾਕਟਰ ਨੂੰ ਦੱਸੋ।

# ਆਈਸੋਨਿਆਜ਼ਿਡ (ਚੱਲਦਾ)
# **ISONIAZID** (cont'd)

**ਸਾਵਧਾਨੀ (Caution): ਜੇ ਤੁਹਾਨੂੰ ਹੇਠ ਲਿਖੇ ਲੱਛਣ ਨਜ਼ਰ ਆਉਣ ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਫੋਨ ਕਰੋ:**

- ਅਸਾਧਾਰਨ ਥਕਾਵਟ ਜਾਂ ਕਮਜ਼ੋਰੀ
- ਬੁਖ਼ਾਰ
- ਭੁੱਖ ਨਾ ਲੱਗਣੀ
- ਦਿਲ ਕੱਚਾ ਹੋਣਾ (ਉਲਟੀ ਕਰਨ ਨੂੰ ਦਿਲ ਕਰਨਾ)
- ਪੇਟ ਵਿਚ ਗੜਬੜ ਜਾਂ ਦਸਤ ਲੱਗਣੇ
- ਪਿਸ਼ਾਬ ਦਾ ਰੰਗ ਗੂੜ੍ਹਾ ਹੋਣਾ
- ਚਮੜੀ ਜਾਂ ਅੱਖਾਂ ਪੀਲੀਆਂ ਪੈਣੀਆਂ
- ਰੈਸ਼

**ਜੇਕਰ ਕੋਈ ਹੋਰ ਅਸਾਧਾਰਨ ਲੱਛਣ ਜੋ ਉੱਪਰ ਨਹੀਂ ਲਿਖਿਆ ਗਿਆ ਤੁਹਾਨੂੰ ਨਜ਼ਰ ਆਉਂਦਾ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ।**

**ਆਈਸੋਨਿਆਜ਼ਿਡ ਲੈਣ ਲਈ ਮੈਨੂੰ ਹੋਰ ਕਿਸ ਜਾਣਕਾਰੀ ਦੀ ਲੋੜ ਹੈ? (What else do I need to know about taking Isoniazid?)**

- ਇਹ ਬੜਾ ਜ਼ਰੂਰੀ ਹੈ ਕਿ ਡਾਕਟਰ ਵੱਲੋਂ ਦੱਸੇ ਸਾਰੇ **ਲੈਬ ਟੈੱਸਟ** ਕਰਵਾਓ ਅਤੇ ਡਾਕਟਰ ਜਾਂ ਨਰਸ ਨਾਲ ਨਿਸ਼ਚਿਤ ਸਾਰੀਆਂ ਮੁਲਾਕਾਤਾਂ ਤੇ ਆਓ।
- ਜੇ ਤੁਸੀਂ **ਗਰਭਵਤੀ** ਹੋ ਜਾਂ ਗਰਭ ਧਾਰਨ ਕਰਨਾ ਚਾਹੁੰਦੀ ਹੋ ਜਾਂ ਆਪਣੇ **ਬੱਚੇ ਨੂੰ ਦੁੱਧ ਚੁੰਘਾਉਣਾ** ਚਾਹੁੰਦੇ ਹੋ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

**ਮੈਂ ਆਪਣੀਆਂ ਦਵਾਈਆਂ ਨੂੰ ਕਿੱਥੇ ਰੱਖਾਂ? (Where should I store this medication?)**

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੌਸ਼ਨੀ ਤੋਂ ਬਚਾਓ
- ਗੋਲੀਆਂ ਜਾਂ ਪੀਣ ਵਾਲੀਆਂ ਦਵਾਈਆਂ: ਕਮਰੇ ਦੇ ਤਾਪਮਾਨ ਤੇ ਠੰਢੀ ਅਤੇ ਸੁੱਕੀ ਜਗ੍ਹਾ ਤੇ ਰੱਖੋ।

**ਜੇ ਮੇਰੇ ਕੋਈ ਹੋਰ ਸੁਆਲ ਹੋਣ ਤਾਂ ਮੈਂ ਕਿੱਥੇ ਫੋਨ ਕਰਾਂ? (Where do I call if I have any other questions?)**

| | |
|---|---|
| ਆਪਣੇ ਡਾਕਟਰ, ਕਲੀਨਿਕ ਜਾਂ ਪਬਲਿਕ ਹੈਲਥ ਯੂਨਿਟ: | ______________________________ |
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫਾਰਮੇਸੀ ਸਰਵਿਸਿਜ਼: | 604-707-2580 |